SHOP
Scottish Housing Options

ਕਾਮਨ ਹਾਊਸਿੰਗ ਰਜਿਸਟਰ ਹਾਊਸਿੰਗ ਅਰਜ਼ੀ ਫਾਰਮ, ਟਰਸਟ, ਹਾਨੋਵਰ (ਸਕਾਟਲੈਂਡ) ਅਤੇ ਬੀਲਡ ਹਾਊਸਿੰਗ ਐਸੋਸੀਏਸ਼ਨ ਵਲੋਂ ਸਾਂਝਾ ਤਿਆਰ ਕੀਤਾ ਹੋਇਆ, ਆਉਂਦੇ ਭਵਿੱਖ ਵਿੱਚ ਤਿੰਨੇ ਐਸੋਸੀਏਸ਼ਨਾਂ ਦੀ ਜਨਤਕ ਵੈਬਸਾਈਟ ਉਤੇ ਉਪਲਬਧ ਹੋਵੇਗਾ।

ਫਾਰਮ ਦਾ ਅਨੁਵਾਦ ਕੀਤਾ ਤਰਜ਼ਮਾ ਇਕਿਊਐਲਿਟੀ ਸਕਾਟਲੈਂਡ ਵੈਬਸਾਈਟ ਉਤੇ ਉਪਲਬਧ ਹੋਵੇਗਾ। ਇਸ ਦੀ ਪ੍ਰਗਤੀ ਬਾਰੇ ਅਸੀਂ ਤੁਹਾਨੂੰ ਦੱਸਦੇ ਰਹਾਂਗੇ।

ਐਸੋਸੀਏਸ਼ਨਾਂ ਭਾਸ਼ਾ ਰੁਕਾਵਟਾਂ ਵਾਲੇ ਵਿਅਕਤੀਆਂ ਨੂੰ ਸਲਾਹ ਅਤੇ ਸਹਿਯੋਗ ਪ੍ਰਦਾਨ ਕਰਨ ਲਈ, ਜੋ ਕਿ ਹਾਊਸਿੰਗ ਲਈ ਅਰਜ਼ੀ ਭਰ ਰਹੇ ਹਨ, ਉਨਾਂ ਨੂੰ ਅਰਜ਼ੀ ਫਾਰਮ ਭਰਨ ਵਿੱਚ ਮਦਦ ਕਰਨ ਵਿੱਚ ਅਤੇ ਬੈਨਿਫਿਟ ਚੈਕਾਂ ਵਿੱਚ ਵਚਨਬੱਧ ਰਹਿਣਗੀਆਂ।



## ਦੀ ਸਕੌਟਿਸ਼ ਗਵਰਨਮੈਂਟ ਸੈਂਟਰਲ ਹੀਟਿੰਗ ਪ੍ਰੋਗਰਾਮ

ਹੈਲਥ ਐਂਡ - ਵੈਲ ਬੀਇੰਗ ਦੀ ਕੈਬਿਨਟ ਸੈਕਰੇਟਰੀ, Nicola Sturgeon (ਨੀਕੋਲਾ ਸਟਰਜਨ) ਨੇ ਈਂਧਨ ਤੋਂ ਵਾਂਝਿਆਂ ਨੂੰ ਸੈਂਟਰਲ ਹੀਟਿੰਗ ਪ੍ਰੋਗਰਾਮ ਦੇ ਵਿੱਚ ਭਰਨ ਦਾ ਐਲਾਨ ਕੀਤਾ। ਇਹ ਹੋਣ ਲਈ ਸੈਂਟਰਲ ਹੀਟਿੰਗ ਐਂਡ ਵਾਰਮ ਡੀਲ ਪ੍ਰੋਗਰਾਮਾਂ ਨੂੰ 2008 ਵਿੱਚ ਤਜ਼ਵੀਜ਼ਾਂ ਨਾਲ ਨਿਰੀਖਣ ਕੀਤਾ ਜਾਵੇਗਾ।

ਨਤੀਜੇ ਵਜੋਂ, ਸੈਂਟਰਲ ਹੀਟਿੰਗ ਦੇਣ ਲਈ ਜੋ ਈਂਧਨ ਗਰੀਬੀ ਦੇ ਜਿਆਦਾ ਖਤਰੇ ਉਤੇ ਹਨ, ਉਨਾਂ ਦੀ ਅਰਜ਼ੀਆਂ ਨੂੰ ਬਾਕੀ ਸਾਲ ਪ੍ਰਾਥਮਿਕਤਾ ਦਿਤੀ ਜਾਵੇਗੀ।

22 ਮਈ 2008 ਤੋਂ, ਸੈਂਟਰਲ ਹੀਟਿੰਗ ਪ੍ਰੋਗਰਾਮ 60 ਸਾਲ ਤੋਂ ਉਤੇ ਉਨਾਂ ਪੈਨਸ਼ਨਰਾਂ ਨੂੰ ਉਪਲਬਧ ਹੋਵੇਗੀ।

- ਸੈਂਟਰਲ ਹੀਟਿੰਗ ਨਹੀਂ ਹੈ
- ਸੈਂਟਰਲ ਹੀਟਿੰਗ ਜੋ ਕਿ ਖਰਾਬ ਹੈ ਅਤੇ ਆਵੇਦਕ ਜਾਂ ਪਾਰਟਨਰ 80 ਤੋਂ ਵੱਧ ਉਮਰ ਦਾ ਹੈ
- ਸੈਂਟਰਲ ਹੀਟਿੰਗ ਸਿਸਟਮ ਹੈ ਜੋ ਕਿ ਖਰਾਬ ਹੈ ਅਤੇ ਆਵੇਦਕ ਜਾਂ ਪਾਰਟਨਰ ਪੈਨਸ਼ਨ ਕਰੈਡਿਟ ਦੇ ਗਾਰੰਟੀਸ਼ੁਦਾ ਤੱਥ ਦੀ ਪ੍ਰਾਪਤੀ ਉਤੇ ਹੈ।

ਇਹ ਤਬਦੀਲੀ ਉਨਾਂ ਆਵੇਦਕਾਂ ਨੂੰ ਪ੍ਰਭਾਵਿਤ ਨਹੀਂ ਕਰੇਗੀ ਜਿਨਾਂ ਨੇ 22 ਮਈ 2008 ਤੋਂ ਪਹਿਲਾਂ ਅਰਜ਼ੀ ਭਰੀ ਹੈ।

ਇਸ ਫੈਸਲੇ ਦਾ ਮੁੜ-ਨਿਰੀਖਣ ਕੀਤਾ ਜਾਵੇਗਾ, ਇੱਕ ਵਾਰ ਜਦੋਂ ਫਿਊਲ ਪੌਵਰਟੀ ਫੋਰਮ ਆਪਣੀਆਂ ਤਜ਼ਵੀਜ਼ਾਂ ਪ੍ਰਦਾਨ ਕਰੇਗਾ ਅਤੇ ਮਿਨਿਸਟਰਾਂ ਨੇ ਉਸ ਉਤੇ ਵਿਚਾਰ ਕਰ ਲਿਆ।

**EDINBURGH**

Trust HA
12 New Mart Road
Edinburgh EH14 1RL
Tel: 0131 444 1200
www.trustha.org.uk

Hanover (Scotland) HA
95 McDonald Road
Edinburgh EH7 4NS
Tel: 0131 557 0598
www.hsha.org.uk

Bield HA
79 Hopetoun Street
Edinburgh EH7 4QF
Tel: 0131 273 4000
www.bield.co.uk

**GLASGOW**

Trust HA
25 Park Circus
Glasgow G3 6AP
Tel: 0141 341 3200
www.trustha.org.uk

Hanover (Scotland) HA
5 Newton Place
Glasgow G3 7PR
Tel: 0141 353 1353
www.hsha.org.uk

Bield HA
12 Somerset Place
Glasgow G3 7JT
Tel: 0141 270 7200
www.bield.co.uk

**DUNDEE**

Bield HA
Kingsburn Courrt
Pitalpin Street, Dundee
Angus, DD2 2TY
Tel: 01382 612307
www.bield.co.uk

**ARRAN**

Isle of Arran Homes
Springbank, Brodick
Isle of Arran KA27 8BE
Telephone 01770 303700
Fax 01770 303701

**ELGIN**

Hanover (Scotland)
Housing Association Ltd
12 Institution Road
Elgin IV30 1QX
Tel: 01343 548585
Fax: 01343 549519

# ਇਕੁਅਲ ਓਪਰਚਿਊਨਿਟੀਜ਼ ਸਟਾਫ

## "ਇਕੁਅਲ ਓਪਰਚਿਊਨਿਟੀਜ਼ ਪ੍ਰੋਗਰਾਮ" ਟੀਮ

**ਅਸੀਂ ਹੁਣ ਇਕੁਅਲ ਓਪਰਚਿਊਨਿਟੀਜ਼ ਟੀਮ ਵਿੱਚ ਨਵੇਂ ਮੈਂਬਰਾਂ ਦਾ ਸੁਆਗਤ ਕਰਾਂਗੇ।**



**Rohini Sharma Joshi (ਰੋਹਿਨੀ ਸ਼ਰਮਾ ਜੋਸ਼ੀ),**
ਹਾਊਸਿੰਗ ਇਕੁਅਲ ਓਪਰਚਿਊਨਿਟੀਜ਼ ਮੈਨੇਜਰ
ਫੋਨ: 0131 444 4950
ਈ-ਮੇਲ: rsharma@trustha.org.uk



**Neeru Bhatnagar (ਨੀਰੂ ਭਟਨਾਗਰ),**
ਓਲਡਰ ਪੀਪਲ ਸਰਵਿਸਿਸ ਕਾਰਡੀਨੇਟਰ
ਫੋਨ: 0131 444 4952
ਈ-ਮੇਲ: neerub@trustha.org.uk



**Tamiko Mackie (ਟੈਮੀਕੋ ਮੈਕੀ),**
ਲੋਗੋ ਡਿਵੈਲਪਮੈਂਟ ਅਫਸਰ "ਹੈਪੀ ਟੂ ਟਰਾਂਸਲੇਟ"
ਫੋਨ: 0131 444 4951
ਈ-ਮੇਲ: tmackie@trustha.org.uk



**Anthony Li Chu (ਐਨਥਨੀ ਲੀ ਚੂ),**
ਓਲਡਰ ਪੀਪਲ ਸਰਵਿਸਿਸ ਕਾਰਡੀਨੇਟਰ
ਫੋਨ: 0131 444 4941
ਈ-ਮੇਲ: lchu@trustha.org.uk



**Stevie Hogg (ਸਟੀਵੀ ਹੌਗ),**
ਲੋਗੋ ਐਡਮਿਨਿਸਟਰੇਟਰ "ਹੈਪੀ ਟੂ ਟਰਾਂਸਲੇਟ"
ਫੋਨ: 0131 444 4951
ਈ-ਮੇਲ: shogg@trustha.org.uk



**Rana Sallam (ਰਾਣਾ ਸਾਲਮ),**
ਜੌਬ ਓਪਰਚਿਊਨਿਟੀਜ਼ ਸੁਪੋਰਟ ਅਫਸਰ
ਫੋਨ: 0131 444 4953
ਈ-ਮੇਲ: rsallam@trustha.org.uk



**Gaurav Bakshi (ਗੌਰਵ ਬਕਸ਼ੀ),** ਐਡਮਿਨਿਸਟਰੇਟਿਵ ਐਸੀਸਟੈਂਟ
ਫੋਨ: 0131 444 4942
ਈ-ਮੇਲ: gauravb@trustha.org.uk

## ਸਰਜਰੀਆਂ/ਜਾਣਕਾਰੀ

ਕੀ ਤੁਸੀਂ 60+ ਹੋ ਅਤੇ ਬਜ਼ੁਰਗ ਲੋਕਾਂ ਲਈ ਸੇਵਾਵਾਂ ਬਾਰੇ ਸਲਾਹ ਚਾਹੋਗੇ, ਹਾਊਸਿੰਗ ਅਤੇ ਬੈਨਿਫਿਟ ਉਤੇ ਵੀ? ਦਿੱਤੀ ਜਾਣ ਵਾਲੀ ਸਲਾਹ ਗੁਪਤ ਹੋਵੇਗੀ, ਤੁਹਾਡੀ ਭਾਸ਼ਾ ਵਿੱਚ ਅਤੇ ਉਸ ਥਾਂ ਉਤੇ ਹੋਵੇਗੀ ਜੋ ਤੁਹਾਡੀ ਸਹੂਲੀਅਤ ਵਿੱਚ ਹੋਵੇ।

ਕਿਰਪਾ ਅਪਾਇੰਟਮੈਂਟ ਲੈਣ ਲਈ ਸੰਪਰਕ ਕਰੋ Neeru (ਰਾਣਾ) ਜਾਂ Anthony (ਐਨਥਨੀ) ਨੂੰ 0131 444 4952 / 4941 ਉਤੇ।

ਇਹ ਸੂਚਨਾ ਪੱਤਰ **ਟਰਸਟ, ਹਾਨੋਵਰ (ਸਕਾਟਲੈਂਡ)** ਅਤੇ **ਬੀਲਡ ਹਾਊਸਿੰਗ ਐਸੋਸੀਏਸ਼ਨ** ਵਲੋਂ ਮਿਲਵਾਂ ਪ੍ਰਕਾਸ਼ਨ ਹੈ। ਪਿਛਲੇ ਅੰਕ **www.EqualityScotland.com** ਉਤੇ ਵੇਖੇ ਜਾ ਸਕਦੇ ਹਨ। ਜੇ ਤੁਸੀਂ ਟਿੱਪਣੀਆਂ ਜਾਂ ਸੁਝਾਅ ਦੇਣਾ ਚਾਹੋਗੇ, ਜਾਂ ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਡਾ ਪ੍ਰੋਗਰਾਮ ਜਾਂ ਪ੍ਰੋਜੈਕਟ ਪ੍ਰਕਾਸ਼ਨਾ ਲਈ ਵਿਚਾਰਿਆ ਜਾਵੇ, ਕਿਰਪਾ ਕਰਕੇ ਸੰਪਰਕ ਕਰੋ:

**Equal Opportunities Programme**
**12 New Mart Road, Edinburgh EH14 1RL**
**Tel: 0131 444 4942 Fax: 0131 444 4949**

**www.EqualityScotland.com**

# Equality Scotland - Housing for Older People
# (ਇਕੁਐਲਿਟੀ ਸਕਾਟਲੈਂਡ - ਬਜ਼ੁਰਗ ਲੋਕਾਂ ਲਈ ਹਾਉਸਿੰਗ)

PUNJABI

NEWSLETTER (ਸੂਚਨਾ ਪੱਤਰ)

ਇਹ ਸੂਚਨਾ ਪੱਤਰ ਚਾਈਨੀਜ਼ (ਕੈਨਟੋਨੀਸ), ਹਿੰਦੀ, ਬੰਗਾਲੀ, ਉਰਦੂ ਤੇ ਅੰਗ੍ਰੇਜ਼ੀ ਵਿੱਚ ਵੀ ਉਪਲਬਧ ਹੈ।

ਅੰਕ 16
ਜੁਲਾਈ 2008

ਅੰਦਰ...

ਪ੍ਰੋਜੈਕਟਾਂ ਉਤੇ ਅਪਡੇਟ
ਨਵਾਂ ਸਟਾਫ
ਸ਼ਾਪ

## ਚੇਂਜਿੰਗ ਮਾਇੰਡਸ ਰਿਪੋਰਟ ਅਤੇ ਗੁੱਡ ਪ੍ਰੈਕਟਿਸ ਗਾਈਡਲਾਈਨਸ ਜਾਰੀ

ਕੰਮ-ਖੇਤਰ ਵਿੱਚ ਬਲੈਕ ਅਤੇ ਏਥਨਿਕ ਮਿਨਾਰਿਟੀ (BME) ਦੇ ਲੋਕਾਂ ਦੀ ਘੱਟ ਨੁਮਾਇੰਦਗੀ ਨਾਲ ਨਜਿੱਠਣ ਲਈ ਅਸੀਂ ਇੱਕ ਅਸਰਦਾਰ ਨਵੀਂ ਰਿਪੋਰਟ ਜਾਰੀ ਕੀਤੀ ਹੈ, ਸਕਾਟਲੈਂਡ ਦੇ ਮਾਲਕਾਂ ਉਤੇ ਜ਼ੋਰ ਪਾਉਣ ਲਈ ਕਿ 'ਗੁਡ ਪ੍ਰੈਕਟਿਸ ਗਾਈਡਲਾਈਨਸ' ਨੂੰ ਅਪਣਾਓ।




ਇਹ ਰਿਪਰੋਟ, 'ਚੇਂਜਿੰਗ ਮਾਇੰਡਸ: ਐਟਿਟਿਊਡਸ ਟੂ BME ਇੰਪਲਾਇਮੈਂਟ' ਨੇ ਪਾਇਆ ਕਿ ਸਕੌਟਿਸ਼ ਹਾਉਸਿੰਗ ਐਸੋਸੀਏਸ਼ਨ ਵਿੱਚ BME ਮੂਲ ਦੇ ਲੋਕਾਂ ਦੀ ਬਹੁਤ ਘੱਟ-ਨੁਮਾਇੰਦਗੀ ਹੈ। ਇਸਨੇ ਤਬਦੀਲੀ ਲਿਆਉਣ ਲਈ 10 'ਗੁਡ ਪ੍ਰੈਕਟਿਸ ਗਾਈਡਲਾਈਨਸ' ਵੀ ਤਜ਼ਵੀਜ਼ ਕੀਤੇ।

ਇਹ ਰਿਪੋਰਟ ਸਕਾਟਲੈਂਡ ਦੇ ਪ੍ਰਮੁੱਖ ਸ਼ਹਿਰਾਂ ਵਿੱਚ 2004 ਤੋਂ 2007 ਤਕ BME ਲੋਕਾਂ ਲਈ ਹੋਏ ਲੜੀਵਾਰ ਜੌਬ ਫੇਅਰਸ ਦੇ ਬਾਅਦ ਅਤੇ ਆਯੋਜਿਤ ਕੀਤੇ ਗਏ ਟਰਸਟ, ਬੀਲਡ ਐਂਡ ਹਾਨੋਵਰ ਹਾਊਸਿੰਗ ਐਸੋਸੀਏਸ਼ਨਾਂ ਵਲੋਂ, ਚਾਰਟਡ ਇੰਸਟਿਚਿਊਟ ਆਫ ਹਾਊਸਿੰਗ (CIH) ਅਤੇ ਸਕੌਟਿਸ਼ ਫੈਡਰੇਸ਼ਨ ਆਫ ਹਾਊਸਿੰਗ ਐਸੋਸੀਏਸ਼ਨਸ (SFHA) ਨਾਲ ਸਾਂਝੇਦਾਰੀ ਵਿੱਚ ਤਿਆਰ ਕੀਤੀ ਗਈ ।



CHANGING MINDS

*Good Practice Recommendations for Changing Attitudes to Black and Minority Ethnic Employment*

This guidance is based on the experience of running four annual job fairs targeted at Black and Minority Ethnic (BME) people by a partnership of Bield, Hanover and Trust housing Associations, the Chartered Institute of Housing and the Scottish Federation of Housing Associations (the Partners).

The partners collated experience and knowledge gained from events and combined this with available research/guidance to produce practical advice which is grounded in the reality of BME peoples' actual experiences and perceptions of job seeking across Scotland. The full report can be downloaded at www.EqualityScotland.com, www.cihscotland.org and www.sfha.co.uk

Employment data show that, despite changes in race relations legislation, race equality strategies and a multitude of paperwork on the issue, under-representation of BME people in the public and housing sectors remains an issue where little progress has been made.

The partners strongly believe that there is a need for a fresh approach and re-examination of what is needed to really change attitudes within organisations.

1 • CHANGING MINDS

10 'ਗੁਡ ਪ੍ਰੈਕਟਿਸ ਗਾਈਡਲਾਈਨਸ' ਵਿੱਚ ਸ਼ਾਮਿਲ ਹੈ ਚੁਣੌਤੀਪੂਰਨ ਰੂੜੀਬੱਧ ਲੋਕਾਂ ਬਾਰੇ ਸਲਾਹ, ਨਾਲ ਹੀ ਸਭਿਆਚਾਰਕ ਜਾਗਰੂਕਤਾ ਟਰੇਨਿੰਗ, ਅਤੇ ਇਹ ਨਿਸ਼ਚਿਤ ਕਰਦੇ ਹੋਏ ਕਿ ਨੌਕਰੀ ਲਈ ਉਮੀਦਵਾਰਾਂ ਨੂੰ ਸੂਚੀਗਤ ਕਰਨ ਦਾ ਕਾਰਜ ਠੀਕ ਅਤੇ ਸ਼ਪਸ਼ਟ ਹੋਵੇ।

**ਰਿਪੋਰਟ ਸਾਡੀ ਵੈਬਸਾਈਟ www.EqualityScotland.com ਉਤੇ ਉਪਲਬਧ ਹੈ ਜਾਂ ਰਿਪੋਰਟ ਦੀ ਪੱਕੀ ਕਾਪੀ ਫੋਨ 0131 444 4942 ਉਤੇ ਉਪਲਬਧ ਹੈ।**

Trust More than just a home
HANOVER SCOTLAND
BIELD INDEPENDENCE FOR OLDER PEOPLE

Trust - HOP 16 English.qxd 23/7/08 2:20 pm Page 4

www.EqualityScotland.com

# ਓਲਡਰ ਪੀਪਲ ਸਰਵਿਸਿਸ ਵਿਕਾਸ ਪ੍ਰੋਜੈਕਟ




ਜਨਵਰੀ 2008 ਤੋਂ ਓਲਡਰ ਪੀਪਲ ਸਰਵਿਸਿਸ ਡਿਵਿਲਪਮੈਂਟ ਪ੍ਰੋਜੈਕਟ ਚਲ ਰਿਹਾ ਹੈ ਅਤੇ ਇਸਨੇ ਥੋੜੇ ਜਿਹੇ ਸਮੇਂ ਵਿੱਚ ਹੀ ਬਹੁਤ ਕੁਝ ਪ੍ਰਾਪਤ ਕੀਤਾ ਹੈ। ਡਿਪਾਰਟਮੈਂਟ ਫਾਰ ਵਰਕ ਐਂਡ ਪੈਨਸ਼ਨ, ਕੇਅਰ ਐਂਡ ਰਿਪੇਅਰ ਸਰਵਿਸਿਸ, ਸੈਂਟਰਲ ਹੀਟਿੰਗ ਪ੍ਰੋਗਰਾਮ, BME ਬਜ਼ੁਰਗ ਲੋਕਾਂ ਲਈ ਏਲਡਰਲੀ ਡੇਅ ਕੇਅਰ ਸੈਂਟਰਾਂ ਦੇ ਲੋਕਲ ਦਫਤਰਾਂ ਦੇ ਨਾਲ, ਸਕਾਟਲੈਂਡ ਦੇ ਵੱਖ-ਵੱਖ ਖੇਤਰਾਂ ਦੇ ਕਮਿਊਨਿਟੀ ਅਤੇ ਸਵੈ-ਸੇਵੀ ਸੰਸਥਾਵਾਂ ਅਤੇ ਸੋਸ਼ਲ ਵਰਕ ਡਿਪਾਰਟਮੈਂਟ ਦੇ ਨਾਲ ਸੰਪਰਕ ਸਥਾਪਿਤ ਕੀਤਾ ਗਿਆ ਹੈ।

ਇਹ ਪ੍ਰੋਜੈਕਟ ਪੱਤਰਾਂ ਅਤੇ ਬਹੁ-ਭਾਸ਼ਾਈ ਜਾਣਕਾਰੀ ਭੇਜ ਕੇ ਕੀਤਾ ਗਿਆ ਹੈ, ਇਸ ਦੇ ਨਾਲ ਹੀ ਪ੍ਰੋਜੈਕਟ ਦਾ ਪ੍ਰਚਾਰ ਕਰਨ ਲਈ ਮੀਟਿੰਗ ਵਿੱਚ ਪੇਸ਼ ਕੀਤਾ ਗਿਆ।

ਦੋਵੇਂ ਕੋ-ਆਰਡੀਨੇਟਰਸ ਹੁਣ ਤਕ 70 BME ਬਜ਼ੁਰਗ ਲੋਕਾਂ ਤੋਂ ਵੱਧ ਨੂੰ ਪਹੁੰਚ ਕਰ ਚੁੱਕੇ ਹਨ ਅਤੇ ਬੈਨਿਫਿਟ ਚੈਕ ਕਰ ਚੁਕੇ ਹਨ। ਕੁੱਝ ਵਿੱਚ ਸਫਲ ਨਤੀਜੇ ਵੀ ਨਿਕਲੇ ਹਨ।

ਅਸੀਂ ਉਨਾਂ BME ਬਜ਼ੁਰਗ ਲੋਕਾਂ ਨੂੰ ਪਹੁੰਚ ਕਰਨ ਲਈ ਇੱਛੁਕ ਹਾਂ ਜੋ ਬੈਨਿਫਿਟ ਜਾਂ ਸੇਵਾਵਾਂ ਲਈ ਯੋਗ ਹੋਣ, ਜਿਨਾਂ ਬਾਰੇ ਸ਼ਾਇਦ ਉਨਾਂ ਨੂੰ ਨਾ ਪਤਾ ਹੋਵੇ। ਸਾਨੂੰ ਫੋਨ ਨੰ.: 0131 444 4952 ਉਤੇ ਪਹੁੰਚ ਕੀਤੀ ਜਾ ਸਕਦੀ ਹੈ (Neeru Bhatnagar - (ਨੀਰੂ ਭਟਨਾਗਰ)) ਅਤੇ 0131 444 4941 (Anthony LK Chu - (ਐਨਥਨੀ ਐਲ ਕੇ ਚੁ)) - ਓਲਡਰ ਪੀਪਲ ਸਰਵਿਸਿਸ ਕੋ-ਆਰਡੀਨੇਟਰਸ।




ਕੁੱਝ ਕਮਿਊਨਿਟੀ ਸੰਸਥਾਵਾਂ ਨਾਲ ਸਾਂਝੇਦਾਰੀ ਵਿੱਚ, ਕਾਰਡੀਨੇਟਰ ਮਾਸਿਕ ਸਰਜਰੀਆਂ ਵੀ ਕਰਨਗੇ। ਇਨਾਂ ਸਰਜਰੀਆਂ ਬਾਰੇ ਜਾਣਕਾਰੀ ਦੀ ਮਸ਼ਹੂਰੀ ਲੋਕਲ ਕਮਿਊਨਿਟੀਆਂ ਵਿੱਚ ਕੀਤੀ ਜਾਵੇਗੀ।

ਜੇ ਤੁਸੀਂ 60 ਜਾਂ ਉਤੇ ਦੇ ਹੋ ਜਾਂ ਕਿਸੀ ਨੂੰ ਜਾਣਦੇ ਹੋ ਜੋ ਬੈਨਿਫਿਟਾਂ, ਹਾਊਸਿੰਗ ਜਾਂ ਹੋਰ ਸੇਵਾਵਾਂ ਬਾਰੇ ਸਲਾਹ ਤੋਂ ਲਾਭ ਲੈ ਸਕੇਗਾ, ਕਿਰਪਾ ਕਰਕੇ Neeru (ਨੀਰੂ) (0131 444 4952) ਜਾਂ Anthony (ਐਨਥਨੀ) (0131 444 4941) ਨੂੰ ਅਪਾਇੰਟਮੈਂਟ ਲਈ ਸੰਪਰਕ ਕਰੋ।

ਕਾਰਡੀਨੇਟਰ ਤੁਹਾਡੀ ਸਹੂਲੀਅਤ ਵਾਲੀ ਥਾਂ ਉਤੇ ਆ ਕੇ ਖੁਸ਼ੀ ਮਹਿਸੂਸ ਕਰਨਗੇ ਅਤੇ ਤੁਹਾਡੀ ਆਪਣੀ ਭਾਸ਼ਾ ਵਿੱਚ ਸਲਾਹ ਪ੍ਰਦਾਨ ਕੀਤੀ ਜਾਵੇਗੀ।

Trust - HOP 16 English.qxd 23/7/08 2:20 pm Page 5

# ਨਵੇਂ ਮੈਂਬਰ ਸ਼ਾਮਿਲ ਹੈਪੀ ਟੂ ਟਰਾਂਸਲੇਟ

HAPPY TO **TRANSLATE**

ਹੈਪੀ ਟੂ ਟਰਾਂਸਲੇਟ ਲੋਗੋ ਇਨਿਸ਼ਿਏਟਿਵ ਨੂੰ ਇਹ ਐਲਾਨ ਕਰਨ ਵਿੱਚ ਖੁਸ਼ੀ ਹੈ ਕਿ ਚਾਰ ਨਵੀਂ ਸੰਸਥਾਵਾਂ ਨੇ ਲੋਗੋ ਦੀ ਮੈਂਬਰਸ਼ਿਪ ਲਈ ਹੈ। ਅਸੀਂ ਹੇਠਾਂ ਦਿੱਤੀ ਨਵੀਆ ਸੰਸਥਾਵਾਂ ਦਾ ਇਸ ਵਿੱਚ ਸੁਆਗਤ ਕਰਦੇ ਹਾਂ:

**ਸਕੌਟਿਸ਼ ਹਾਊਸਿੰਗ ਰੈਗੁਲੇਟਰ**
**ਫੌਰਥ ਹਾਊਸਿੰਗ ਐਸੋਸੀਏਸ਼ਨ**
**ਕੇਅਰ ਕਮੀਸ਼ਨ**
**ਨੇਵਅਸ ਹਾਊਸਿੰਗ ਐਸੋਸੀਏਸ਼ਨ**

ਇਸ ਨਾਲ ਮੈਂਬਰ ਸੰਸਥਾਵਾਂ ਦੀ ਕੁਲ ਗਿਣਤੀ 21 ਹੋ ਗਈ ਹੈ। ਹੈਪੀ ਟੂ ਟਰਾਂਸਲੇਟ ਲੋਗੋ ਟੀਮ ਵਲੋਂ ਲੋਗੋ ਨੂੰ ਉਤਸ਼ਾਹਿਤ ਕਰਨ ਦਾ ਕੰਮ ਦੇਸ਼ ਭਰ ਵਿੱਚ ਵੱਖ-ਵੱਖ ਪ੍ਰਦਰਸ਼ਨੀਆਂ, ਕਾਨਫਰੰਸਾਂ ਅਤੇ ਕਮੀਊਨਿਟੀ ਸਮਾਗਮਾਂ ਵਿੱਚ ਜਾਰੀ ਹੈ। ਨਵੀਂ ਮੈਂਬਰ ਸੰਸਥਾਵਾਂ, ਕੇਅਰ ਕਮੀਸ਼ਨ ਅਤੇ ਦੀ ਗਰੇਮਪੀਅਨ ਹਾਊਸਿੰਗ ਐਸੋਸੀਏਸ਼ਨ ਵਲੋਂ ਹੁਣੇ ਹੀ ਸਮਾਗਮ ਕੀਤੇ ਗਏ। ਆਪਣੇ ਨਵੇਂ ਮੈਂਬਰਸ਼ਿਪ ਪੱਧਰ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਇਹ ਲਾਂਚ ਪਾਰਟੀ ਇੱਕ ਸਭ ਤੋਂ ਵੱਧ ਪ੍ਰਭਾਵਸ਼ਾਲੀ ਪਲੈਟਫਾਰਮ ਹੈ।



ਕੇਅਰ ਕਮੀਸ਼ਨ ਲਾਂਚ

ਜੇ ਤੁਸੀਂ ਮੈਂਬਰਸ਼ਿਪ ਲਈ ਅਰਜ਼ੀ ਭਰਨ ਲਈ ਜਾਣਕਾਰੀ ਪ੍ਰਾਪਤ ਕਰਨਾ ਚਾਹੋ, ਕਿਰਪਾ ਹੈਪੀ ਟੂ ਟਰਾਂਸਲੇਟ ਲੋਗੋ ਸੁਪੋਰਟ ਟੀਮ ਨੂੰ 0131 444 4950/1 ਉਤੇ ਸੰਪਰਕ ਕਰੋ ਜਾਂ ਈ-ਮੇਲ ਕਰੋ info@happytotranslate.com


ਗਰੈਮਪੀਅਨ ਹਾਊਸਿੰਗ ਐਸੋਸੀਏਸ਼ਨ ਲਾਂਚ

ਦੀ ਹੈਪੀ ਟੂ ਟਰਾਂਸਲੇਟ ਲੋਗੋ ਇਨਿਸ਼ਿਏਟਿਵ ਦੇ ਨਵੇਂ ਚਿਹਰਿਆਂ ਨੂੰ ਪੇਸ਼ ਕਰਕੇ ਖੁਸ਼ੀ ਮਹਿਸੂਸ ਕਰ ਰਿਹਾ ਹੈ; Stevie Hogg (ਸਟੀਵੀ ਹੌਗ); ਦੀ ਹੈਪੀ ਟੂ ਟਰਾਂਸਲੇਟ ਲੋਗੋ ਐਡਮਿਨਿਸਟਰੇਟਰ ਅਤੇ Gaurav Bakshi (ਗੋਰਵ ਬਕਸ਼ੀ); ਐਡਮਿਨਿਸਟਰੇਟਿਵ ਐਸੀਸਟੈਂਟ।

Stevie (ਸਟੀਵੀ) ਤੁਹਾਡੇ ਸੰਸਥਾ ਵਿੱਚ ਆ ਕੇ ਇਨਿਸ਼ੇਟ ਵਿੱਚ ਸ਼ਾਮਿਲ ਹੋਣ ਬਾਰੇ ਲਾਭਾਂ ਦੀ ਪੇਸ਼ਕਾਰੀ ਦੇ ਕੇ ਖੁਸ਼ ਹੋਵੇਗਾ, ਕਿਰਪਾ ਕਰਕੇ ਉਸਨੂੰ ਸੰਪਰਕ ਕਰਨ ਵਿੱਚ ਸੰਕੋਚ ਨਾ ਕਰੋ, 0131 444 4951 ਉਤੇ ਫੋਨ ਕਰੋ, ਇੱਕ ਗੈਰ-ਰਸਮੀ ਚਰਚਾ ਲਈ, ਜਾਂ ਈ-ਮੇਲ ਕਰੋ SHogg@trustha.org.uk

# ਜੌਬ ਓਪਰਚਿਊਨਿਟੀਜ਼ ਸੁਪੋਰਟ ਪ੍ਰੋਜੈਕਟ

BME ਸੰਪਰਦਾਵਾਂ ਦੇ ਵਿਅਕਤੀ ਜੋ ਐਡਿੰਬਰਾ ਅਤੇ ਲੋਥਿਅਨਸ ਵਿੱਚ ਰੋਜ਼ਗਾਰ ਮੌਕੇ ਜਾਂ ਹਾਉਸਿੰਗ ਜਾਂ ਪਬਲਿਕ ਸੈਕਟਰ ਵਿੱਚ ਭਵਿੱਖ ਦੀ ਭਾਲ ਕਰ ਰਹੇ ਹਨ, ਉਨਾਂ ਨੂੰ ਇਹ ਜੌਬ ਓਪਰਚਿਊਨਿਟੀਜ਼ ਸੁਪੋਰਟ ਪ੍ਰੋਜੈਕਟ ਲਾਭ ਪਹੁੰਚਾਉਣਾ ਜਾਰੀ ਰਖ ਰਿਹਾ ਹੈ।

ਇਹ ਵਿਅਕਤੀਆਂ ਨੂੰ ਸਹਿਯੋਗ ਕਰ ਰਿਹਾ ਹੈ ਨੌਕਰੀਆਂ ਲਈ ਅਰਜ਼ੀ ਭਰਨ ਵਿੱਚ, ਉਨਾਂ ਨੂੰ ਅੱਗੇ ਟਰੇਨਿੰਗ ਜਾਂ ਕੋਰਸਾਂ ਲਈ ਦਿਸ਼ਾ ਦੱਸ ਕੇ, ਜੇ ਉਹ ਰੋਜ਼ਗਾਰ ਬਾਜ਼ਾਰ ਵਿੱਚ ਜਾਣਾ ਚਾਹੁੰਦੇ ਹਨ ਅਤੇ ਉਨਾਂ ਨੂੰ ਮਦਦ ਕਰਨ ਲਈ ਹੋਰਨਾਂ ਉਪਲਬਧ ਸੇਵਾਵਾਂ ਲਈ ਰੈਫਰ ਕਰਦਾ ਹੈ। ਹੁਣ ਤਕ 259 ਲੋਕਾਂ ਨੂੰ ਪਹੁੰਚ ਕੀਤੀ ਜਾ ਚੁੱਕੀ ਹੈ ਅਤੇ ਉਨਾਂ ਵਿਚੋਂ 23 ਨੂੰ ਨੌਕਰੀ ਪ੍ਰਾਪਤ ਹੋਈ ਹੈ।

ਪ੍ਰੋਜੈਕਟ ਵਲੋਂ ਮਾਲਕਾਂ ਨੂੰ ਉਤਸ਼ਾਹਿਤ ਕਰਨਾ ਜਾਰੀ ਹੈ, ਨੌਕਰੀ ਉਤੇ ਟਰੇਨਿੰਗ ਅਤੇ ਅਨੁਭਵ ਮੌਕਿਆਂ ਲਈ ਥਾਵਾਂ ਦੇ ਮੌਕੇ ਪ੍ਰਦਾਨ ਕਰਕੇ।

Nasreen Amjad (ਨਸਰੀਨ ਅਮਜਦ), ਜੌਬ ਓਪਰਚਿਊਨਿਟੀਜ਼ ਸੁਪੋਰਟ ਅਫਸਰ ਹੁਣ ਮੈਟਰਨਿਟੀ ਛੁੱਟੀ ਉਤੇ ਹੈ ਅਤੇ ਅਸੀਂ ਹਾਰਦਿਕ ਸ਼ੁਭ-ਕਾਮਨਾਵਾਂ ਭੇਟ ਕਰਦੇ ਹਾਂ ਅਤੇ ਉਸਦੇ ਵਲੋਂ ਪ੍ਰੋਜੈਕਟ ਲਈ ਕੀਤੇ ਗਏ ਕੰਮਾਂ ਲਈ ਧੰਨਵਾਦ ਦਿੰਦੇ ਹਾਂ।

ਅਸੀਂ Rana Sallam (ਰਾਣਾ ਸਾਲਮ) ਦਾ ਸੁਆਗਤ ਕਰਦੇ ਹਾਂ ਜਿਸਨੂੰ ਇਸ ਖੇਤਰ ਵਿੱਚ ਭਾਰੀ ਅਨੁਭਵ ਹੈ। Rana (ਰਾਣਾ) ਮਾਲਕਾਂ ਅਤੇ ਵਿਅਕਤੀਆਂ ਨੂੰ ਸੰਪਰਕ ਕਰੇਗੀ ਜੋ ਇਸ ਪ੍ਰੋਜੈਕਟ ਦਾ ਹਿੱਸਾ ਹਨ।

Rana (ਰਾਣਾ) ਨੂੰ 0131 444 4953 ਜਾਂ rsallam@trustha.org.uk ਉਤੇ ਸੰਪਰਕ ਕੀਤਾ ਜਾ ਸਕਦਾ ਹੈ

# ਔਰਤਾਂ, ਨਸਲੀ ਘੱਟ ਗਿਣਤੀਆਂ ਅਤੇ ਉਮਰ ਦੇ ਹੱਕ ਵਿੱਚ ਸਕਾਰਾਤਮਕ ਵਿਤਕਰਾ

ਇਕਿਊਐਲਿਟਿਸ ਮਿਨਿਸਟਰ Harriet Harman (ਹੈਰੀਟ ਹਰਮਨ) ਨੇ ਸਕਾਰਾਤਮਕ ਵਿਤਕਰੇ ਨੂੰ ਆਗਿਆ ਦੇਣ ਦੀਆਂ ਯੋਜਨਾਵਾਂ ਬਾਰੇ ਐਲਾਨ ਕੀਤਾ, ਉਨਾਂ ਸੰਸਥਾਵਾਂ ਦੀ ਮਦਦ ਕਰਨ ਲਈ ਕਿ ਉਹ ਉਨਾਂ ਕਮਿਊਨਿਟੀਆਂ ਦਾ ਪ੍ਰਤਿਬਿੰਬ ਕਰਨ ਜਿਨਾਂ ਦੀ ਉਹ ਸੇਵਾ ਕਰਦੇ ਹਨ, ਹੋਰ ਔਰਤਾਂ, ਨਸਲੀ ਘੱਟ ਗਿਣਤੀਆਂ ਅਤੇ ਉਮਰ ਦੇ ਵਿਤਕਰੇ ਉਤੇ ਪਾਬੰਦੀ ਲਾ ਕੇ।

ਇਨਾਂ ਯੋਜਨਾਵਾਂ ਨੂੰ ਪਹਿਲਾਂ ਪੂਰੇ ਇੰਗਲੈਂਡ ਵਿੱਚ ਅਪਣਾਇਆ ਜਾਵੇਗਾ, ਵੇਲਸ ਅਤੇ ਸਕਾਟਲੈਂਡ ਵਿੱਚ ਬਾਅਦ ਵਿੱਚ।



ਮਿਨਿਸਟਰ ਨੇ ਕਿਹਾ ਕਿ ਤਜ਼ਵੀਜ਼ਸ਼ੁਦਾ ਬਿਲ, ਜੋ ਕਿ ਇਸ ਸਾਲ ਦੇ ਅਖੀਰ ਵਿੱਚ ਆਉਣਾ ਹੈ, ਉਹ UK ਵਿੱਚ “ਸੰਜੀਦਾ ਅਬਰਾਬਰਤਾ ਨੂੰ ਸੰਬੋਧਿਤ ਕਰੇਗਾ ਜੋ ਅਜੇ ਵੀ ਮੌਜੂਦ ਹੈ”।

ਸੂਚਨਾ ਪੱਤਰ ਦੇ ਅਗਲੇ ਅੰਕ ਵਿੱਚ ਅਸੀਂ ਤੁਹਾਨੂੰ ਸੂਚਿਤ ਕਰਾਂਗੇ ਕਿ ਬਿਲ ਕਿਵੇਂ ਪ੍ਰਗਤੀ ਕਰ ਰਿਹਾ ਹੈ।